# ਧੰਨ ਧੰਨ ਬਾਬਾ ਸ਼੍ਰੀ ਚੰਦਰ ਜੀ ਮਹਾਰਾਜ
# "ਸ਼੍ਰੀ ਮਾਤ੍ਰਾ ਸਾਹਿਬ"

ਸ਼੍ਰੀ ਗੁਰੂ ਚੰਦ੍ਰ ਜੀ ਦਾ ਅਵਤਾਰ ਬਿਕ੍ਰਮੀ ਸੰਮਤ 1551 ਸੰਨ 1494 ਭਾਦਰੋ ਸ਼ੁਦੀ ਨੋਮੀ ਨੂੰ ਕਸਬਾ ਸੁਲਤਾਨਪੁਰ ਲੋਧੀ ਜਿਲਾ ਕਪੂਰਥਲਾ ਵਿਖੇ ਹੋਇਆ। ਆਪ ਜੀ ਨੇ ਸਿੰਧ, ਕਸ਼ਮੀਰ, ਬਗਦਾਦ ਆਦਿ ਪ੍ਰਾਤਾ ਵਿੱਚ ਧਰਮ ਦਾ ਪ੍ਰਚਾਰ ਕੀਤਾ ਅਤੇ ਜਹਾਂਗੀਰ ਵਰਗੇ ਮੁਸਲਮਾਨ ਰਾਜਿਆ ਨੂੰ ਸਿੱਧੇ ਰਾਹ ਪਾਇਆ। ਇਸ ਤਰਾਂ ਹੀ ਧਰਮ ਪ੍ਰਚਾਰ ਕਰਦੇ ਹੋਏ ਸਿੱਧ ਨਾਥਾ ਦੇ ਸਥਾਨ ਤੇ ਪਹੁਚੇ। ਸਿੱਧਾ ਨਾਲ ਧਾਰਮਿਕ ਵਿਚਾਰ ਅਤੇ ਸਵਾਲ ਹੋਏ ਜੋ ਇ ਪ੍ਰਕਾਰ ਹਨ"-

**ਕਹੁ ਰੇ ਬਾਲੇ ਕਿਸਨੇ ਮੁਡਿਆ ਕਿਸ ਮੁਡਾਇਆ॥**
**ਕਿਸ ਕਾ ਭੇਜਾ ਨਗਰੀ ਆਇਆ॥**

ਸ਼੍ਰੀ ਗੁਰੂ ਚੰਦ੍ਰ ਜੀ ਮਹਾਰਾਜ ਦੀ ਛੋਟੀ ਆਯੂ ਜਾਣ ਕੇ ਹੀ ਸਿੱਧ ਨਾਥਾ ਨੇ (ਬਾਲੇ( ਸ਼ਬਦ ਨੂੰ ਵਰਤਿਆ ਸੀ। ਸਿੱਧ ਨਾਥਾ ਨੇ ਮਹਾਰਾਜ ਨੂੰ ਸਵਾਲ ਕੀਤਾ ਕਿ ਤੁਸੀ ਸਾਨੂੰ ਦੱਸੋ ਕਿ ਆਪ ਨੂੰ ਕਿਸ ਮੁਡਿਆ ਹੈ ਅਤੇ ਕਿਸ ਦੀ ਪ੍ਰੇਰਣਾ ਕਰਕੇ ਮੁਡਵਾਇਆ ਹੈ। ਇਸ ਸਿੱਧਾਨਾਥਾ ਦੀ ਨਗਰੀ ਵਿੱਚ ਕਿਸ ਦਾ ਭੇਜਿਆ ਆਇਆ ਹੈ। ਇਸ ਪ੍ਰਸ਼ਨ ਦਾ ਜਵਾਬ ਸੁਣ ਕੇ ਮਹਾਰਾਜ ਨੇ ਉੱਤਰ ਦਿੱਤਾ ਕਿ:-

**ਸਤਿਗੁਰ ਮੁਡਿਆ ਲੇਖ ਮੁਡਾਇਆ॥**
**ਗੁਰੂ ਕਾ ਭੇਜਿਆ ਨਗਰੀ ਆਇਆ॥**

**ਚੇਤੋ ਨਗਰੀ ਤਾਰੋ ਗਾਮ॥**
**ਅਲਖ ਪੁਰਖ ਕਾ ਸਿਮਰੋ ਨਾਮ॥**

ਗੁਰੂ ਜੀ ਨੇ ਕਿਹਾ ਕਿ ਨਗਰੀ ਭਾਵ ਛੋਟੀਆ ਵੱਡੀਆ ਨਗਰੀਆ ਵਿੱਚ ਜਾ ਕੇ ਧਾਰਮਿਕ ਪ੍ਰਚਾਰ ਕਰੋ ਅਤੇ ਸੱਚਾ ਉਪਦੇਸ਼ ਦੇ ਕੇ ਜੁਗਿਆਸੂਆ ਨੂੰ ਤਾਰੋ। ਪ੍ਰਮਾਤਮਾ ਦਾ ਨਾਮ ਸਿਮਰਨ ਕਰੋ ਅਤੇ ਕਰਵਾਉ।

ਪ੍ਰਸ਼ਨ:- ਸਿੱਧਾ ਨੇ ਪ੍ਰਸ਼ਨ ਕੀਤਾ ਕਿ ਆਪ ਜੀ ਦੇ ਸਤਿਗੁਰੂ ਜੀ ਦਾ ਨਾਮ ਕੀ ਹੈ? ਅਤੇ ਸਿੱਖਿਆ ਕਿਹੜੀ ਦਿੱਤੀ ਗਈ ਹੈ।

**ਗੁਰੂ ਅਵਿਨਾਸ਼ੀ ਖੇਲ ਰਚਾਇਆ॥**
**ਅਗਮ ਨਿਗਮ ਦਾ ਪੰਥ ਬਤਾਇਆ॥**

ਸ਼ਾਡੇ ਗੁਰੂ ਅਵਿਨਾਸ਼ੀ ਮੁਨੀ ਜੀ ਮਹਾਰਾਜ ਨੇ ਇਹ ਚੋਥੇ ਆਸ਼ਰਮ ਵਿੱਚ ਪਵਿੱਤਰ ਕਰਨ ਰੂਪ ਖੇਲ ਰਚਾਇਆ ਭਾਵ ਉਹਨਾ ਨੂੰ ਕੋਈ ਵਿਸ਼ੇਸ਼ ਯਤਨ ਨਹੀ ਕਰਨਾ ਪਿਆ ਹੈ, ਕਿਉਕਿ ਮੈ ਪਹਿਲੇ ਹੀ ਅਧਿਕਾਰੀ ਸੀ। ਇਹ ਕੰਮ ਉਹਨਾ ਲਈ ਕੇਵਲ ਖੇਲ ਮਾਤਰ ਹੀ ਸੀ ਅਤੇ ਅਗਮ (ਸਾਸ਼ਤਰ) ਨਿਗਮ (ਵੇਦ) ਪੰਥ (ਰਸਤਾ) ਦੱਸਿਆ ਹੈ।

ਪ੍ਰਸ਼ਨ:- ਆਪ ਜੀ ਦੀ ਗੋਦੜੀ, ਟੋਪੀ ਅਤੇ ਲੰਗੋਟੀ ਆੜਬੰਦ ਕਿਸ ਪ੍ਰਕਾਰ ਹੈ।

**ਗਿਆਨ ਦੀ ਗੋਦੜੀ ਖਿਮਾ ਕੀ ਟੋਪੀ॥**
**ਜਤ ਕਾ ਆੜਵੰਦ ਸ਼ੀਲ ਲੰਗੋਟੀ॥**

ਆਤਮਿਕ ਗਿਆਨ ਰੂਪੀ ਗੋਦੜੀ ਹੈ, ਖਿਮਾ ਦੀ ਟੋਪੀ ਹੈ, ਜਤ ਰੂਪੀ ਆੜਵੰਦ ਹੈ ਤੇ ਸ਼ੀਲ ਸੱਤੋ ਗੁਣ ਸੁਭਾਅ ਰੂਪੀ ਲੰਗੋਟੀ ਹੈ।

ਪ੍ਰਸ਼ਨ:- ਆਪ ਜੀ ਦੀ ਖਿੰਥਾ, ਝੋਲੀ, ਟੋਪ ਅਤੇ ਬੋਲੀ ਕੀ ਹੈ?

**ਅਕਾਲ ਖਿੰਥਾ ਨਿਰਾਸ਼ ਝੋਲੀ॥**
**ਝੁਗਤ ਕਾ ਟੋਪ ਗੁਰਮੁਖੀ ਬੋਲੀ॥**

ਅਕਾਲ (ਬ੍ਰਹਿਮ) ਦੇ ਵਿਚਾਰ ਰੂਪੀ ਖਿੰਥਾ ਹੈ। ਸਮੂਹ ਪਦਾਰਥੋ ਦੀ ਨਿਮਰਤਾ ਕਹੀਏ (ਵੈਰਾਗ) ਇਹ ਝੋਲੀ ਹੈ। ਜੁਗਤ ਨਾਲ ਜੋ ਕਾਰ ਵਿਹਾਰ ਕਰਨਾ ਹੈ ਇਹ ਸਾਡਾ ਟੋਪ ਹੈ। ਗੁਰੂ ਜੀ ਦੇ ਮੁੱਖ ਦੁਆਰਾ ਜੋ ਉਪਦੇਸ਼ ਮਿਲਿਆ ਹੈ ਉਹ ਅਸੀ ਸੁਣਦੇ ਹਾਂ ਉਹ ਸਾਡੀ ਬੋਲੀ ਹੈ।

ਪ੍ਰਸ਼ਨ:- ਆਪ ਜੀ ਦਾ ਚੋਲਾ, ਸੇਲੀ ਅਤੇ ਮੇਖਲੀ ਕਿਹੜੀ ਹੈ?

**ਧਰਮ ਕਾ ਚੋਲਾ ਸਤ ਕੀ ਸੇਲੀ॥**
**ਮਰਿਯਾਦ ਮੇਖਲੀ ਲੈ ਗਲੇ ਮੇਲੀ॥**

ਜੋ ਸਨਾਤਨ ਪ੍ਰਾਚੀਨ ਧਰਮ ਹੈ ਉਹ ਸਾਡਾ ਚੋਲਾ ਹੈ। ਜੋ ਸੱਚ ਬੋਲਦਾ ਹੈ। ਇਹ ਸਾਡੀ ਸੇਲੀ ਹੈ ਜੋਗ ਲ ਵਿੱਚ ਪਹਿਨੀ ਦੀ ਹੈ ਅਤੇ ਸਨਕ ਸਨੰਦਨ ਆਦਿ ਤੋ ਉਦਾਸੀਨ ਮਹਾਤਮਾ ਦੀ ਮਰਯਾਦਾ ਚਲੀ ਆ ਰਹੀ ਹੈ ਉਹ ਸਾਡੀ (ਮੇਖਲੀ) ਤੜਾਗੀ ਹੈ।

ਪ੍ਰਸ਼ਨ:- ਆਪ ਜੀ ਦਾ ਬਟੂਆ ਅਤੇ ਸੂਈਦਾਨ ਅੰਚਲਾ ਸਰੀਰ ਤੇ ਲਪੇਟਣ ਵਾਲਾ ਕੱਪੜਾ ਹੈ।

ਧਿਆਨ ਕਾ ਬਟੂਆ ਨਿਰਤ ਕਾ ਸੂਈਦਾਨ॥
ਬ੍ਰਹਮ ਅੰਚਲਾ ਲੈ ਪਹਿਰੇ ਸੁਜਾਨ॥

ਬ੍ਰਹਮ ਵਿੱਚ ਬਿਰਤੀ ਦਾ ਜੋੜਨਾ ਧਿਆਨ ਧਿਆਨ ਰੂਪੀ ਬਟੂਆ ਹੈ। ਪ੍ਰੇਮ ਦੇ ਵਲਵੱਲੇ ਉਮੰਗ ਰੂਪੀ ਨਿਰਤ ਦਾ ਸੂਈਦਾਨ ਹੈ ਭਾਵ ਸੂਈ ਅਦਿਕ ਰੱਖਣ ਦਾ ਖਾਨਾ ਹੈ। ਜੋ ਸ਼੍ਰੀ ਗੁਰੂ ਅਵਿਨਾਸ਼ੀ ਮੁਨੀ ਜੀ ਦੇ ਮੁਖਾਰਬਿੰਦ ਤੋ ਮਹਾਵਾਕਾ ਦੁਆਰਾ ਬ੍ਰਹਿਮ ਦਾ ਗਿਆਨ ਹੋਇਆ ਹੈ। ਭਾਵ ਸਾਡਾ ਅੰਚਲਾ ਹੈ। ਜੋ ਉਸ ਨੂੰ ਪਹਿਨਦੇ ਹਨ ਉਹ ਸੁਜਾਨ ਬੁਧੀਮਾਨ ਹੁੰਦੇ ਹਨ।

ਬਹੁ ਰੰਗ ਮੋਰ ਛੜ ਨਿਰਲੇਪ ਦ੍ਰਿਸ਼ਟੀ॥
ਨਿਰਭਉ ਜੰਗ ਡੋਰਾ ਨਾ ਕੋ ਦੁਸ਼ਟੀ॥

ਪ੍ਰਸ਼ਨ:- ਆਪ ਜੀ ਦਾ ਮੋਰ ਛੜ ਅਤੇ ਉਸਨੂੰ ਬੰਨਣ ਵਾਲਾ ਡੋਰਾ ਕੀ ਹੈ?
ਬ੍ਰਹਮ ਗਿਆਨ ਰੂਪੀ ਮੋਰ ਛੜ ਹੈ ਜੋ ਬਹੁ ਰੰਗੀ ਬ੍ਰਿਤੀਆ ਨੂੰ ਨਿਰਲੇਪ ਦ੍ਰਿਸ਼ਟੀ ਤੋ ਰੋਕਦਾ ਹੈ। ਜੋ ਨਿਰਭੈ ਹੋ ਕੇ ਵਿਸ਼ਿਆ ਨਾਲ ਯੁੱਧ ਕਰਦਾ ਹੈ। ਉਹ ਸਾਡਾ (ਡੋਰਾ) ਧਾਗਾ ਹੈ। ਜਿਸ ਦਾ ਕੋਈ ਕਾਮ ਕ੍ਰੋਧ ਆਦਿ ਦੁਸ਼ਟੀ ਨਹੀ ਰਿਹਾ।

ਜਾਪ ਜੰਗੋਟਾ ਸਿਫਤ ਉਡਾਨੀ॥
ਸਿੰਙੀ ਸ਼ਬਦ ਅਨਾਹਦ ਗੁਰਬਾਨੀ॥

ਪ੍ਰਸ਼ਨ:- ਆਪ ਜੀ ਦਾ ਜੰਗੋਟਾ, ਉਡਾਨੀ, ਸਿੰਙੀ ਅਤੇ ਬਾਣੀ ਕੀ ਹੈ?
ਸ਼੍ਰੀ ਗੁਰੂ ਦੇਵ ਜੀ ਦੇ ਦਿੱਤੇ ਹੋਏ ਗੁਰੂ ਮੰਤ੍ਰ ਦਾ ਜੋ ਜਾਪ ਹੈ ਉਹ ਸਾਡਾ ਜੰਗੋਟਾ ਹੈ। ਪ੍ਰਮਾਤਮਾ ਦੀ ਜੋ ਸਿਫਤ ਹੈ ਉਹ ਸਾਡੀ ਉਡਾਣੀ ਹੈ ਅਤੇ ਅਨਾਹਦ ਸ਼ਬਦ ਹੀ ਸਾਡੀ ਸਿੰਙੀ ਵੱਜ ਰਹੀ ਹੈ। ਗੁਰੂ ਜੀ ਦੀ ਬਾਣੀ ਹੀ ਸਾਡੀ ਬਾਣੀ ਹੈ।

ਸ਼ਰਮ ਕੀ ਮੁੰਦਰਾ ਸ਼ਿਵ ਵਿਭੂਤਾ॥
ਹਰ ਭਗਤ ਮ੍ਰਿਗਾਨੀ ਲੈ ਪਹਿਰੇ ਗੁਰਪੂਤਾ॥

ਪ੍ਰਸ਼ਨ:- ਆਪ ਜੀ ਦੀ ਮੁੰਦਰਾ, ਵਿਭੂਤਾ ਅਤੇ ਮ੍ਰਿਗਸ਼ਾਲਾ ਕਿਹੜੀ ਹੈ।
ਬੁਰੇ ਕੰਮਾਂ ਤੋ ਲੱਜਾ (ਸ਼ਰਮ) ਕਰਨੀ ਇਹ ਸਾਡੀ ਮੁੰਦਰਾ ਹੈ। ਸ਼ਿਵ ਨਾਮ ਕਲਿਆਣ ਦਾ ਹੈ। ਕਲਿਆਣ ਰੂਪੀ ਵਿਭੂਤੀ ਅਸੀ ਰਮਾਈ ਹੈ। ਪ੍ਰਮੇਸ਼ਵਰ ਦੀ ਭਗਤੀ ਰੂਪੀ ਮ੍ਰਿਗਾਨੀ ਹੈ। ਗੁਰੂ ਪੂਤਾ ਕਹੀਏ ਗੁਰੂ ਦੇ ਸ਼ਿਸ ਗੁਰੂ ਜੀ ਤੋ ਲੇ ਕੇ ਪਹਿਨਦੇ ਹਨ।

ਸੰਤੋਖ ਸੂਤ ਵਿਵੇਕ ਧਾਗੇ॥
ਅਨੇਕ ਟੱਲੀ ਤਾਹਿ ਲਾਗੇ॥

ਪ੍ਰਸ਼ਨ: - ਆਪ ਜੀ ਦੀ ਗੋਦੜੀ ਕਿਸ ਪ੍ਰਕਾਰ ਦੀ ਹੇ?
ਸੰਤੋਖ ਰੂਪੀ ਕੱਪੜਾ ਵਿਵੇਕ ਰੂਪੀ ਧਾਗੇ ਸਿਉਣ ਲਈ ਹਨ। ਗੋਦੜੀ ਕੈਸੀ ਹੈ, ਦੈਵੀ ਗੁਣਾ ਰੂਪੀ ਅਨੇਕ ਟੱਲਿਆ (ਟਾਕੀਆ) ਲੱਗੀ ਹੈ।

ਸੁਰਤ ਕੀ ਸੂਈ ਲੈ ਸਤਿਗੁਰ ਸੀਵੇ॥
ਜੋ ਰਾਖੇ ਸੋ ਨਿਰਭਉ ਥਵਿ॥

ਪ੍ਰਸ਼ਨ: - ਆਪ ਜੀ ਦੀ ਗੋਦੜੀ ਕਿਹੜੀ ਸੂਈ ਨਾਲ ਸੀਤੀ ਹੋਈ ਹੈ?
ਸੁਰਤ ਕਹੀਏ ਬਿਰਤੀ ਦੀ ਸੂਈ ਲੈ ਕੇ ਸਤਿਗੁਰ ਜੀ ਦੀ ਦੱਸੀ ਜੁਗਤੀ ਨਾਲ ਸੀਵੇ ਜੋ ਇਹੋ ਜਿਹੀ ਗੋਦੜੀ ਸਾਧੂ ਮਹਾਤਮਾ ਧਾਰਨ ਕਰਦਾ ਹੈ ਉਹ ਨਿਰਭੈ ਹੋ ਜਾਦਾ ਹੈ।

ਸ਼ਾਹ ਸੁਪੈਦ ਜ਼ਰਦ ਸੁਰਖਾਈ॥
ਜੋ ਲੈ ਪਹਿਰੇ ਸੋ ਗੁਰਭਾਈ॥

ਪ੍ਰਸ਼ਨ: - ਆਪ ਜੀ ਕਿਸ ਰੰਗ ਦੇ ਬਸਤਰ ਧਾਰਨ ਕਰਦੇ ਹੋ?
ਸ਼ਾਹ (ਸਿਆਹ) ਸੁਪੈਦ (ਸਫੈਦ) ਜਰਦ (ਪੀਲਾ) ਜਰਦਾਈ (ਭਗਵਾ) ਜੋ ਮਹਾਤਮਾਂ ਪਹਿਨਦੇ ਹਨ ਉਹ ਸਾਡੇ ਗੁਰਭਾਈ ਹਨ ਭਾਵ ਇੱਕੋ ਹਨ।

ਪ੍ਰਸ਼ਨ:- ਆਪ ਕੋਮ ਚਕਮਕ ਅਗਨੀ ਜਲਾਉਣ ਵਾਸਤੇ ਕਿਹੜਾ ਪੱਥਰ ਹੈ ਅਤੇ ਧੂਣੀ ਕੀ ਹੈ?

ਤ੍ਰੈਗੁਣ ਚਕਮਕ ਅਗਨ ਮੱਥ ਪਾਈ॥
ਦੁੱਖ ਸੁੱਖ ਧੂਣੀ ਦੇਹ ਜਲਾਈ॥

ਤਿੰਨ ਗੁਣਾ ਰੂਪੀ ਚਕਮਕ ਪੱਥਰ ਹੈ। ਗੁਰੂ ਜੀ ਦੇ ਦੱਸੇ ਹੋਏ ਤ੍ਰੈ ਗੁਣ(ਰਜੋ, ਸਤੋ, ਤਮੋ) ਮਹਾਂਵਾਕਾ ਦੀ ਵਿਵੇਕ ਰੂਪੀ ਰਗੜ ਲਗਾ ਕੇ ਵਿੱਚੋ ਗਿਆਨ ਰੂਪੀ ਅਗਨ ਪ੍ਰਾਪਤ ਕੀਤੀ ਹੈ। ਜਿਸ ਦੇ ਦੁੱਖ ਸੁੱਖ ਰੂਪੀ ਲੱਕੜੀ ਪਾ ਕੇ ਧੂਣੀ

ਪ੍ਰਸ਼ਨ:- ਆਪ ਦੇ ਪਾਸ ਕਪਾਲ ਕਿਹੜਾ ਹੈ?

ਸੰਜਮ ਕ੍ਰਿਪਾਲੀ ਸੋਭਾ ਧਾਰੀ॥
ਚਰਨ ਕਮਲ ਮਹਿ ਸੁਰਤ ਹਮਾਰੀ॥

ਮਨ ਅਤੇ ਇੰਦ੍ਰੀਆ ਨੂੰ ਬੁਰੇ ਕੰਮਾ ਤੋ ਰੋਕਣਾ ਰੂਪੀ ਸੰਜਮ ਹੈ। ਇਹ ਸਾਡੀ ਸੁਬਾਏਮਾਨ ਖੱਪਰੀ ਹੈ। ਪ੍ਰਮਾਤਮਾ ਦੇ ਚਰਨ ਕਮਲਾਂ ਵਿੱਚ ਸਾਡੀ ਸੁਰਤੀ ਠਹਿਰਦੀ ਹੈ।

ਪ੍ਰਸ਼ਨ:- ਆਪ ਜੀ ਦਾ ਭੋਜਨ ਕੀ ਹੈ?

ਭਉ ਭੋਜਨ ਅਮ੍ਰਿਤ ਕਰ ਪਇਆ॥
ਭਲਾ ਬੁਰਾ ਨਹੀ ਮਨ ਵਸਾਇਆ॥

ਜੋ ਸ਼ਰਧਾ ਕਰਕੇ ਸਾਨੂੰ ਭੋਜਨ ਦੇ ਦੇਵੇ, ਉਸ ਨੂੰ ਅਮ੍ਰਿਤ ਕਰਕੇ ਗ੍ਰਹਿਣ ਕਰ ਲੈਂਦੇ ਹਾਂ। ਉਸ ਭੋਜਨ ਬਾਰੇ ਅਸੀ ਭਲਾ ਬੁਰਾ ਮਨ ਵਿੱਚ ਨਹੀ ਵਸਾਉਦੇ।

ਪ੍ਰਸ਼ਨ:- ਆਪ ਜੀ ਪਾਸ ਬਰਤਨ ਕਿਹੜੇ ਹਨ?

ਫਾਤਰ ਵਿਚਾਰ ਫਰੂਆ ਬਹੁ ਗੁਣਾ॥
ਕਰਮੰਡਲ ਤੂਬਾਂ ਕਿਸ਼ਤੀ ਘਣਾ॥

ਸੱਤ ਅਸੱਤ ਦਾ ਵਿਚਾਰ ਆਦਿ ਗੁਣ ਕਹੀਏ ਅਨੇਕ ਸ਼ੁੱਭ ਗੁਣਾ ਰੂਪੀ ਫਰੂਆ, ਕਰਮੰਡਲ, ਤੂਬਾਂ, ਚਿੱਪੀ ਜਿਸ ਦੀ ਸ਼ਕਲ ਕਿਸ਼ਤੀ ਵਰਗੀ ਹੁੰਦੀ ਹੈ। ਫਰੂਆ ਭੀ ਸੰਤਾ ਦਾ ਇੱਕ ਬਰਤਨ ਹੈ। ਇਹੀ ਸਾਡੇ ਘਣੇ ਬਰਤਨ ਹਨ।

ਪ੍ਰਸ਼ਨ:- ਆਪ ਜੀ ਦਾ ਪਿਆਲਾ ਅਤੇ ਜਲ ਕੀ ਹੈ?

ਅਮ੍ਰਿਤ ਪਿਆਲਾ ਉਦਕ ਮਣ ਦਇਆ॥
ਜੋ ਪੀਵੇ ਸੋ ਸੀਤਲ ਭਇਆ॥

ਸ਼੍ਰੀ ਗੁਰਦੇਵ ਨੇ ਦਇਆ ਕਰਕੇ ਜੋ ਅਮ੍ਰਿਤ ਰੂਪੀ ਸ਼ਬਦ ਦਿੱਤਾ ਹੈ ਉਹ ਪਾਣੀ ਹੈ। ਮਨ ਰੂਪੀ ਪਿਆਲੇ ਵਿੱਚ ਪੀਣ ਨਾਲ ਉਹ ਸ਼ਾਤ ਹੁੰਦਾ ਹੈ।

ਪ੍ਰਸ਼ਨ:- ਆਪ ਦਾ ਯੋਗ ਕਿਸ ਪ੍ਰਕਾਰ ਦਾ ਹੈ?

ਇੜਾ ਮੇ ਆਵੇ ਪਿੰਗਲਾ ਮੇ ਧਾਵੇ॥
ਸੁਖਮਨਾ ਕੇ ਘਰ ਸਹਿ ਸਮਾਵੇ॥

ਇੜਾ ਕਹਿੰਦੇ ਹਨ ਸੱਜੀ ਨਾਸਕਾ, ਪਿੰਗਲਾ ਕਹਿੰਦੇ ਹਨ ਖੱਬੀ ਨਾਸਕਾਂ, ਸੱਜੀ ਸੁਰ ਵਿੱਚੋ ਸਵਾਸ ਉੱਪਰ ਖਿੱਚਣ ਦਾ ਨਾਮ ਪੂਰਕ ਹੈ। ਖੱਬੀ ਨਾਸ ਵਿੱਚੋ ਸਵਾਸ ਬਾਹਰ ਕੱਢਣ ਦਾ ਨਾਮ ਰੇਚਕ ਹੈ। ਦੋਹਾਂ ਨਾਸਾ ਦਾ ਜਿਥੇ ਜੋੜ ਹੈ ਉਸ ਨੂੰ ਸੁਖਮਨਾ ਕਹਿੰਦੇ ਹਨ। ਜਿਸ ਜਗਾਂ ਸੁਵਾਸਾ ਦਾ ਰੋਕਨਾ ਹੈ ਉਸਨੂੰ ਕੁੰਭਕ ਕਹਿੰਦੇ ਹਨ। ਸੁਰਤੀ ਸਵਾਸਾ ਨਾਲ ਮਿਲ ਕੇ ਸਹਿਜ ਸਮਾਵੇ।

ਪ੍ਰਸ਼ਨ:- ਆਪ ਜੀ ਦਾ ਮੱਠ ਕਹਿੜਾ ਹੈ ਜਿੱਥੇ ਬੈਠ ਕੇ ਆਪ ਧਿਆਨ ਕਰਦੇ ਹੋ?

ਨਿਰਾਸ ਮੱਠ ਨਿਰੰਤਰ ਝੋਲੀ॥
ਨਿਰਭਉ ਨਗਰੀ ਗੁਰ ਦੀਪਕ ਗਿਆਨ॥

ਕਿਸੇ ਪਦਾਰਥ ਵਿੱਚ ਖਿੱਚ ਨਾ ਹੋਣਾ ਇਹੀ ਨਿਰਾਸ ਮੱਠ ਹੈ। ਉਸ ਮੱਠ ਵਿੱਚ ਬੈਠ ਕੇ ਨਿਰੰਤਰ ਧਿਆਨ ਕਰਦੇ ਹਾਂ। ਨਿਰਭਉ ਨਗਰੀ ਹੈ ਭੈ ਰਹਿਤ, ਦੇ ਵਿੱਚ ਗੁਰੁ ਜੀ ਦੇ ਗਿਆਨ ਰੂਪੀ ਦੀਪਕ ਦੇ ਪ੍ਰਕਾਸ਼ ਵਿੱਚ ਪ੍ਰਵੇਸ਼ ਕਰਦੇ ਹਾਂ।

ਪ੍ਰਸ਼ਨ:- ਆਪ ਜੀ ਦੈ ਰਿੱਧੀ ਸਿੱਧੀ ਅਤੇ ਫਹੁੜੀ ਦੰਢਾ ਤੇ ਤਪ ਕੀ ਹੈ?

ਅਸਥਿਰ ਰਿੱਧ ਅਮਰਪਦ ਦੰਢਾ॥
ਧੀਰਜ ਫਹੁੜੀ ਤਪ ਕਰ ਖਮਡਾ॥

ਮਨ ਦੀ ਇਕਾਗਰਤਾ ਹੀ ਸਾਡੀ ਰਿੱਧੀ ਹੈ। ਅਮਰ ਪਦ (ਬ੍ਰਹਮ ਪ੍ਰਾਪਤੀ) ਇਹ ਦੰਡਾ ਹੈ। ਧੀਰਜ ਰੂਪੀ ਫਹੁੜੀ ਹੈ। ਵਿਸ਼ੇ ਵਿਕਾਰਾ ਦਾ ਖੰਡਨ ਕਰਨਾ ਹੀ ਸਾਡਾ ਤਪ ਹੈ।

ਪ੍ਰਸ਼ਨ:- ਆਸਾ ਤੇ ਚੁਗਾਠ ਸਾਡੇ ਪਾਸ ਲੱਕੜੀ ਦੀ ਹੁੰਦੀ ਹੈ, ਜਿਸ ਤੇ ਸੁੱਖ ਨਾਲ ਬੈਠਦੇ ਹਾਂ। ਤੁਹਾਡੇ ਕੋਲ ਕੀ ਹੈ?

ਵਸ ਕਰ ਆਸਾ ਸਮ ਦ੍ਰਿਸ਼ਟ ਚੋਗਾਨ॥
ਹਰਖ ਸੋਗ ਮਨ ਮੇ ਨਹੀ ਆਨ॥

ਸਾਰੀਆ ਇਛਾਵਾ ਨੂੰ ਵਸ ਕਰਨਾ ਸਾਡੀ ਆਸਾ ਹੈ। ਸਮ ਦ੍ਰਿਸ਼ਟੀ ਕਹੀਏ ਸਭ ਨੂੰ ਇੱਕੋ ਜਿਹਾ ਵੇਖਣਾ। ਇਹ ਸਾਡੀ ਚੋਗਾਠ ਹੈ। ਭਾਵ ਸਮ ਦ੍ਰਿਸ਼ਟੀ ਦੇ ਬਲ ਕਰਕੇ ਹਰਖ ਸੋਗ ਮਨ ਵਿੱਚ ਨਹੀ ਆਉਦਾ।

ਪ੍ਰਸ਼ਨ:- ਆਪ ਜੀ ਦਾ ਵੈਰਾਗ ਕਿਸ ਪ੍ਰਕਾਰ ਦਾ ਹੈ?

ਸਹਿਜ ਵੈਰਾਗੀ ਕਰੇ ਤਿਆਗ॥
ਮਾਯਾ ਮੋਹਣੀ ਸਗਲ ਤਿਆਗ॥

ਸਹਜ ਸੁਭਾਵਕ (ਹਠ ਰਹਿਤ) ਹੀ ਮਾਤ ਲੋਕ ਤੋ ਲੈ ਕੇ ਬ੍ਰਹਮ ਲੋਕ ਦੇ ਭੋਗਾ ਦਾ ਤਿਆਗ ਕਰਨਾ ਭਾਵ ਸੰਪੂਰਣ ਮਾਯਾ ਮੋਹਣੀ ਦਾ ਤਿਆਗ ਕਰਨਾ ਹੈ। ਐਸੇ ਵੈਰਾਗ ਨੂੰ ਧਾਰਨ ਕਰਨ ਵਾਲਾ (ਵੈਰਾਗੀ) ਕਹੀਏ ਵੈਰਾਗਮਾਨ ਹੈ।

ਪ੍ਰਸ਼ਨ:- ਸਾਡੇ ਪਾਸ ਘੋੜੇ ਆਦਿ ਸਾਰਾ ਸਮਾਨ ਹੈ ਆਪ ਪਾਸ ਕੀ ਹੈ?

ਨਾਮ ਕੀ ਪਾਖਰ ਪਵਨ ਕਾ ਘੋੜਾ॥
ਨਿਹ ਕਰਮ ਜੀਨ ਤਤ ਕਾ ਜੋੜਾ॥

ਪ੍ਰਮਾਤਮਾ ਦਾ ਨਾਮ ਰੂਪੀ ਪਾਖਰ ਹੈ ਜੋ ਕਾਠੀ ਦੇ ਹੇਠ ਪਾਇਆ ਜਾਂਦਾ ਹੈ। ਪੰਜ ਪ੍ਰਾਣਾ ਰੂਪੀ ਘੋੜਾ ਹੈ। ਇ ਪੰਜ ਪ੍ਰਾਣ ਹਨ:- ਪ੍ਰਾਣ, ਅਧਾਰ, ਸਾਮਾਨ, ਉਦਾਨ, ਧਿਆਨ ਨਿਸ਼ਕਾਮ ਕਰਮ ਰੂਪੀ ਜੀਨ ਕਾਠੀ ਹੈ। ਤਤ ਦੇ ਰੂਪੀ ਵਿਚਾਰ ਕਹੀਏ ਰਕਾਬਾ ਹਨ।

ਪ੍ਰਸ਼ਨ:- ਆਪ ਜੀ ਦੇ ਪਾਸ ਕਿਹੜੇ ਕਿਹੜੇ ਸ਼ਸਤਰ ਹਨ?

ਨਿਰਗੁਣ ਢਾਲ ਗੁਰ ਸ਼ਬਦ ਕਮਾਨ॥
ਅਕਲ ਸੰਜੋਯ ਪ੍ਰੀਤ ਕੇ ਬਾਨ॥

ਨਿਰਗੁਣ ਭਾਵ ਤਿੰਨਾ ਗੁਣਾ ਤੋ ਰਹਿਤ (ਰਜੋ ਗੁਣ, ਤਮੋ ਗੁਣ, ਸਤੋ ਗੁਣ) ਜੋ ਬ੍ਰਹਮ ਹੈ। ਉਸਦਾ ਅਧਾਰ ਹੀ ਢਾਲ ਹੈ। ਗੁਰੁ ਜੀ ਦਾ ਸ਼ਬਦ ਹੀ ਕਮਾਨ, ਅਕਲ ਵਿੱਚ ਜੋ ਅਟਲ ਵਿਸ਼ਵਾਸ ਹੈ (ਸੰਜੋਯ) ਕਹੀਏ ਕਵਚ ਹੈ, ਅਤੇ ਪ੍ਰੀਤ ਪ੍ਰੇਮ ਦੇ ਬਾਣ ਹਨ।

ਪ੍ਰਸ਼ਨ:- ਆਪ ਜੀ ਦੀ ਬਰਸ਼ੀ ਕਟਾਰੀ ਸਵਾਰੀ ਕਿਹੜੀ ਹੈ?

ਅਕਲ ਕੀ ਬਰਸ਼ੀ ਗੁਣਾ ਕੀ ਕਟਾਰੀ॥
ਮਨ ਕੋ ਮਾਰ ਕਰੋ ਅਸਵਾਰੀ॥

ਅਕਲ ਦੀ ਬਰਛੀ ਕਹੀਏ ਬੁਧੀ ਵਿੱਚ ਹੋਰ ਮਤਾਂ ਦੇ ਖੰਡਨ ਦੀ ਯੁਗਤੀਆ ਰੂਪੀ ਤੀਖਸ਼ਨਤਾ ਹੀ ਬਰਛੀ ਹੈ। ਸਭ ਗੁਣਾ ਰੂਪੀ ਕਟਾਰੀ ਹੈ। ਮਨ ਨੂੰ ਵਿਸ਼ਿਆ ਵੱਲੋ ਰੋਕਣਾ ਹੀ ਮਨ ਨੂੰ ਮਾਰਨਾ ਹੈ, ਤੇ ਇਹੀ ਸਵਾਰੀ ਹੈ।

ਪ੍ਰਸ਼ਨ:- ਉਪਰੋਕਤ ਸ਼ਸਤਰ ਧਾਰਨ ਕਰਕੇ ਆਪ ਨੇ ਕਿਹੜਾ ਕਿਲਾ ਸਰ ਕੀਤਾ ਹੈ। ਅਤੇ ਇਸ ਜੰਗ ਵਿੱਚ ਸੰਖ ਨਗਾਰੇ ਕਿਹੜੇ ਵਜਾਏ ਹਨ?

ਬਿਖਮ ਗੜ ਤੋੜ ਨਿਰਭਉ ਘਰ ਆਵੇ॥
ਨੋਬਤ ਅਸੰਖ ਨਗਾਰਾ ਵਾਵੈ॥

ਸ਼ਰੀਰ ਦੇ ਆਤਮਿਕ ਰੂਪੀ ਕਿਲੇ ਨੂੰ ਤੋੜਿਆ ਹੈ। ਨਿਰਭਉ ਕਹਿੰਦੇ ਹਨ ਭੈ ਤੋ ਰਹਿਤ ਆਤਮ ਘਰ ਵਿਖੇ ਆਉਦਾ ਹੈ। ਭਾਵ ਨਿਵਾਸ ਕਰਦਾ ਹੈ ਅਤੇ ਬ੍ਰਹਮ ਮਹਾਂ ਵਾਕਾ ਦਾ ਸਰਵਨ ਹੀ ਨੌਬਤ ਹੈ। ਮਹਾਂ ਵਾਕਾ ਦੇ ਅਰਥ ਦਾ ਮੰਨਣਾ ਹੀ ਸੰਖ ਹੈ। ਉਪ੍ਰੋਕਤ ਅਰਥ ਦਾ ਲਗਾਤਾਰ ਅਭਿਆਸ ਰੂਪੀ ਨਿਧ ਆਸਣ ਹੀ ਨਗਾਰਾ ਹੇ।

ਪ੍ਰਸ਼ਨ:- ਆਪ ਜੀ ਨੂੰ ਗਿਆਨ ਕਿੱਥੋ ਪ੍ਰਾਪਤ ਹੋਇਆ?

ਗੁਰੁ ਅਵਿਨਾਸ਼ੀ ਸੂਖਮ ਵੇਦ॥
ਨਿਰਬਾਣ ਵਿੱਦਿਆ ਅਪਾਰ ਭੇਦ॥

ਸ੍ਰੀ ਗੁਰੁ ਅਵਿਨਾਸ਼ੀ ਮੁਨੀ ਜੀ ਨੇ ਵੇਦਾ ਦਾ ਤੱਤ (ਨਿਚੋੜ) ਦੱਸਿਆ ਹੈ ਅਤੇ ਨਿਰਬਾਣ ਪ੍ਰਾਪਤ ਕਰਨ ਲਈ ਜੋ ਵਿਦਿਆ ਦਾ ਗਿਆਨ ਹੈ ਉਸ ਦੇ ਅਧਾਰ ਤੇ ਭੇਤ ਨੂੰ ਦਰਸਾਇਆ ਹੈ।

ਪ੍ਰਸ਼ਨ:- ਆਪ ਜੀ ਦਾ ਜਨੇਊ, ਧੋਤੀ ਅਤੇ ਮਾਲਾ ਕੀ ਹੈ?

ਅਖੰਡ ਜਨੇਉ ਨਿਰਮਲ ਧੋਤੀ॥
ਸੋਹੰ ਜਾਪ ਸਚ ਮਾਲ ਪਰੋਤੀ॥

ਅਖੰਡ ਬ੍ਰਹਮ ਦਾ ਚਿੰਤਨ ਹੀ ਜਨੇਊ ਹੈ। ਨਿਸ਼ਕਾਮ ਕਰਮਾਂ ਦੁਆਰਾ ਅੰਤਰਿਕ ਆਤਮਾ ਨੂੰ ਸ਼ੁੱਧ ਕਰਨਾ ਹੀ ਧੋਤੀ ਹੈ।ਸੋਹੰ ਦਾ ਜਾਪ ਜੱਪਣਾ ਹੀ ਸੱਚੀ ਮਾਲਾ ਹੈ ਜੋ ਸਵਾਸਾ ਰੂਪੀ ਧਾਗੇ ਵਿੱਚ ਪਰੋਈ ਹੋਈ ਹੈ।

ਪ੍ਰਸ਼ਨ:- ਆਪ ਜੀ ਦੀ ਸਿੱਖਿਆ ਅਤੇ ਗਾਇਤਰੀ ਆਸਣ ਕੀ ਹੈ?

ਸਿੱਖਿਆ ਗੁਰੂ ਮੰਤਰ ਗਾਇਤ੍ਰੀ ਹਰਿਨਾਮ॥
ਨਿਹਚਲ ਆਸਨ ਕਰ ਬਿਸਰਾਮ॥

ਗੁਰੁ ਜੀ ਨੇ ਸਾਨੂੰ ਗਾਇਤਰੀ ਮੰਤਰ ਸਿਮਰਨ ਵਾਸਤੇ ਦੱਸਿਆ ਹੈ। ਜਿਹੜਾ ਕਿ ਹਰੀ ਦਾ ਨਾਮ ਹੈ ਅਤੇ ਆਤਮਾ ਸਰੂਪ ਬ੍ਰਮਾਂ ਵਿੱਚ ਸਥਿਤ ਹੀ ਸਾਡਾ ਆਸਨ ਹੈ। ਜਿਸ ਵਿੱਚ ਅਸੀ ਬਿਸਰਾਮ ਕਰਦੇ ਹਾਂ।

ਪ੍ਰਸ਼ਨ:- ਆਪ ਜੀ ਦਾ ਤਿਲਕ, ਤਰਪਨ, ਪੂਜਾ ਆਦਿ ਕੀ ਹੈ?

ਤਿਲਕ ਸੰਪੂਰਣ ਤਰਪਣ ਜਸ॥
ਪੂਜਾ ਪ੍ਰੇਮ ਭੋਗ ਮਹਾ ਰਸ॥

ਸਾਡੇ ਸਾਰਿਆ ਵਿੱਚ ਪ੍ਰਮਾਤਮਾ ਦਾ ਪੂਰਣ ਹੋਣਾ ਹੀ ਸਾਡਾ ਤਿਲਕ ਹੈ। ਪ੍ਰਮਾਤਮਾ ਦਾ ਜਸ ਹੀ ਸਾਡਾ ਤਰਪਣ ਹੈ। ਅਨੇਕ ਪ੍ਰਕਾਰ ਦਾ ਪ੍ਰੇਮ ਪਿਆਰ ਹੀ ਪੂਜਾ ਹੈ। ਆਤਮ ਬ੍ਰਹਮਾ ਦਾ ਰਸ ਹੀ ਭੋਗ ਹੈ।

ਪ੍ਰਸ਼ਨ:- ਆਪ ਜੀ ਦੀ ਛਾਪ ਅਤੇ ਸੰਧਿਆ ਕੀ ਹੈ?

> ਨਿਰਵੈਰ ਸੰਧਿਆ ਦਰਸ਼ਨ ਛਾਪਾ॥
> ਵਾਦ ਵਿਵਾਦ ਮਿਟਾਵੇ ਆਪਾ॥

ਕਿਸੇ ਨਾਲ ਵੈਰ ਨਾ ਹੋਣਾ ਹੀ ਸੰਧਿਆ ਹੈ। ਸਭ ਸੰਸਾਰ ਵਿੱਚ ਪ੍ਰਮਾਤਮਾ ਦਾ ਦਰਸ਼ਨ ਕਰਨਾ ਹੀ ਆਤਮਿਕ ਸ਼ਕਤੀ ਦੁਆਰਾ ਛਾਪਾ ਹੈ ਅਰਥਾਤ ਚਕਰਵਰਤੀ ਬਣਨਾ, ਆਪਸ ਵਿੱਚ ਮਿੱਲ ਕੇ ਵਾਦ ਵਿਵਾਦ ਕਰਨਾ ਭਾਵ ਵਿਚਾਰ ਵਟਾਂਦਰਾ ਕਰਨਾ ਆਦਿ ਜੋ ਵਿਰੋਧ ਹੈ। ਇਸ ਨੂੰ ਪ੍ਰਮਾਤਮਾ ਦੇ ਦਰਸ਼ਨ ਨਾਲ ਦੂਰ ਕਰਨਾ ਹੀ ਇਹ ਫਲ ਹੈ।

ਪ੍ਰਸ਼ਨ:- ਆਪ ਪੀਤਾਂਬਰ ਭੀ ਰੱਖਦੇ ਹੋ, ਮ੍ਰਿਗਸ਼ਾਲਾ, ਚੀਤੇ ਦੀ ਖੱਲੜੀ ਅਤੇ ਹੋਰ ਮਾਲਾ ਭੀ ਰੱਖਦੇ ਹੌ।

> ਪੀਤ ਪੀਤਾਂਬਰ ਮਨ ਮ੍ਰਿਗਸ਼ਾਲਾ॥
> ਚੀਤ ਚੀਤਾਂਬਰ ਮਨ ਮ੍ਰਿਗਸ਼ਾਲਾ॥

ਪ੍ਰਮਾਤਮਾ ਨਾਲ ਪ੍ਰੀਤੀ ਹੀ (ਪੀਤਾਂਬਰ) ਪੀਲਾ ਬਸਤਰ ਹੈ। ਮਨ ਨੂੰ ਵਸ ਕਰਨਾ ਹੀ ਮ੍ਰਿਗਸ਼ਾਲਾ ਹੈ। ਚਿੱਤ ਵਿੱਚ ਗੁਰੂ ਮਿੱਥਿਆ ਨੂੰ ਯਾਦ ਰੱਖਣਾ ਹੀ ਚਿਤਾਂਬਰ ਹੈ। ਰੁਣ ਝੁਣ ਅਨਾਹਦ ਵਾਜਾ ਹੀ ਮਾਲਾ ਹੈ।

ਪ੍ਰਸ਼ਨ:- ਆਪ ਜੀ ਦੀ ਖਲ ਔਰ ਕੁਲਹਾ, ਟੋਪੀ ਚੰਮ ਦਾ ਅੰਗਰਥਾ ਤੇ ਖੜਾਵਾ ਕੀ ਹਨ?

> ਬੁਧ ਬਾਘੰਬਰ ਕੁਲਾ ਪੋਸਤੀਨ॥
> ਖੋਸ ਖੜਾਵਾਂ ਏਹ ਮਤ ਲੀਨ॥

ਬੁਧ ਹੀ ਬਾਘੰਬਰ ਹੈ। ਪਿਛੇ ਭੀ ਦੱਸਿਆ ਗਿਆ ਹੈ ਕਿ ਟੋਪੀ ਖਿਮਾ ਦੀ ਹੈ ਅਤੇ ਦ੍ਰਿੜਤਾ ਰੂਪੀ ਪੋਸਤੀਨ ਕਹੀਏ ਅੰਗਰੱਥਾ ਹੈ। ਵਿਸ਼ੇ ਵਿਕਾਰਾ ਰੂਪੀ ਕੰਡਿਆ ਤੋ ਬਚਾਉਣ ਵਾਲੀ ਗੁਰਦੇਵ ਜੀ ਦੇ ਬਚਨਾਂ ਉੱਤੇ ਸ਼ਰਧਾ ਹੀ ਖੜਾਵਾਂ ਹਨ। ਭਾਵ (ਜੁੱਤੀ) ਇਹ ਮਤਿ (ਅਕਲ) ਗੁਰੂ ਜੀ ਤੋ ਲਈ ਹੈ।

ਪ੍ਰਸ਼ਨ:- ਆਪ ਜੀ ਦਾ ਤੋੜਾ, ਚੂੜਾ ਅਤੇ ਜੰਜੀਰ ਕੀ ਹੈ?

> ਤੋੜਾ ਚੂੜਾ ਔਰ ਜੰਜ਼ੀਰ॥
> ਲੈ ਪਹਿਰੇ ਨਾਨਕ ਸ਼ਾਹ ਫਕੀਰ॥

ਬ੍ਰਹਮਚਾਰਯ ਰੂਪੀ ਤੋੜਾ ਹੈ। ਚੂੜਾ (ਕੰਗਨ) ਜੋ ਬੁਰੇ ਕੰਮਾ ਵੱਲੋ ਹੱਥ ਨੂੰ ਰੋਕਣਾ ਹੈ। ਇਹ ਹੱਥ ਦਾ ਕੰਗਣ ਹੈ। ਪੰਜ ਗਿਆਨ ਇੰਦ੍ਰੀਆ ਨੂੰ ਵਿਸ਼ੇ ਵਿਕਾਰਾ ਵੱਲੋ ਰੋਕਣਾ ਰੂਪੀ ਜੋ ਦਮ ਹੈ ਉਹੀ ਜੰਜੀਰ ਹੈ।

ਪ੍ਰਸ਼ਨ:- ਆਪ ਜੀ ਦੇ ਸਾਧੂ ਜਟਾਧਾਰੀ ਹੁੰਦੇ ਹਨ ਜਾਂ ਨਹੀ?

> ਜਟਾ ਜੂਟ ਮੁਕਟ ਸਿਰ ਹੋਇ॥
> ਮੁਕਤਾ ਫਿਰੇ ਬੰਧਨ ਨਹੀ ਕੋਇ॥

ਜਟਾ ਜੂਟ (ਜਟਾਧਾਰੀ) ਭਾਵ ਬਾਲਾ ਤੋ ਮੁਕਤਾ (ਸੁਤੰਤਰ) ਜਿਸ ਨੂੰ ਕੋਈ ਬੰਧਨ ਨਹੀ ਹੈ।

> ਨਾਨਕ ਪੂਤਾ ਸ਼੍ਰੀ ਚੰਦ੍ਰ ਬੋਲੇ॥
> ਜੁਗਤ ਪਛਾਣੇ ਤਤਿ ਵਿਰੋਲੇ॥

ਸ਼੍ਰੀ ਚੰਦ੍ਰ ਜੀ ਮਹਾਰਾਜ ਨੇ ਦੱਸਿਆ ਹੈ ਕਿ ਮੈ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਸਪੁੱਤਰ ਹਾਂ। ਬੋਲਕੇ ਕਹਿ ਰਿਹਾ ਹਾਂ ਕਿ ਜੋ ਜਗੁਤੀਆ ਰੂਪ ਉਪਦੇਸ਼ ਮੈ ਕੀਤਾ ਹੈ, ਉਸ ਨੂੰ ਜੋ ਵਿਚਾਰ ਦੁਆਰਾ ਮੰਨੇਗਾ ਉਹ ਸਾਰ ਰੂਪੀ ਤਤਿ ਨੂੰ ਪ੍ਰਾਪਤ ਕਰੇਗਾ

> ਐਸੀ ਮਾਤ੍ਰਾ ਲੈ ਪਹਿਰੇ ਕੋਇ॥
> ਆਵਾਗਮ ਮਿਟਾਵੇ ਸੋਇ॥

ਅੰਤ ਉਤੇ ਜਗਤ ਗੁਰੂ ਸ਼੍ਰੀ ਚੰਦ੍ਰ ਜੀ ਮਹਾਰਾਜ ਮਾਤ੍ਰਾ ਸਾਹਿਬ ਦਾ ਮਹਾਤਮ ਦੱਸਦੇ ਹੋਏ ਵਰ ਦਿੰਦੇ ਹਨ ਕਿ ਐਸੀ ਮਾਤ੍ਰਾ ਕਹੀਏ ਥੋੜੇ ਵਿੱਚ ਹੀ ਭਵਸਾਗਰ ਮੇ ਸਾਗਰ ਦੀ ਤਰਾਂ ਉਪਦੇਸ਼ ਹਾਂ। ਜੋ ਇਸ ਨੂੰ ਪਹਿਰੇ ਭਾਵ ਧਾਰਨ ਕਰੇਗਾ, ਉਸਦਾ ਆਵਾਗਵਨ ਭਾਵ ਜਨਮ ਮਰਨ ਰੂਪੀ ਚੁਰਾਸੀ ਦੇ ਚੱਕਰ ਮਿਟ ਜਾਵੇਗਾ।

## ਇਤੀ ਸ਼੍ਰੀ ਮਾਤ੍ਰਾ ਭਗਵਾਨ ਸ਼੍ਰੀ ਚੰਦ੍ਰ ਜੀ ਮਹਾਰਾਜ ਦਾ ਸੰਪੂਰਣ।

ਪੜਤੇ ਸੁਣਤੇ ਮੋਖ ਮੁਕਤ ਲਹੰਤੇ॥
ਸ਼੍ਰੀ ਭਗਵਾਨ ਜੀ ਕੇ ਚਰਣ ਕਮਲੋ ਮੇ ਨਮਸਤੰ ਨਮਸਤੇ ਨਮਸਤੰ ਨਮਸਤੇ॥